# ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ

ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ,(ਮਾਈਕਰੋਸਾਫਟ ਬਿਲਡਿੰਗ),ਫੇਜ਼-3ਬੀ1, ਐਸ.ਏ.ਐਸ ਨਗਰ

(ਵੈਬਸਾਈਟ www.educationrecruitmentboard.com)

---

**ਪਬਲਿਕ ਨੋਟਿਸ**

ਨੰਬਰ 5/2-2019 ਭਡ(8)　　　　　　　　ਮਿਤੀ: 09.10.2019

ਸਿੱਖਿਆ ਵਿਭਾਗ, ਪੰਜਾਬ ਵੱਲੋ ਹੈਡ ਟੀਚਰ 1558 ਅਸਾਮੀਆਂ ਦਾ ਮਿਤੀ 8.3.2019 ਨੂੰ ਵਿਗਿਆਪਨ ਦਿੱਤਾ ਸੀ। ਵਿਗਿਆਪਨ ਦੀ ਸਰਤਾ ਅਨੁਸਾਰ ਇਨ੍ਹਾਂ ਅਸਾਮੀਆ ਦਾ ਮਿਤੀ 21.7.2019 ਨੂੰ ਵਿਭਾਗੀ ਟੈਸਟ ਲੈਣ ਉਪਰੰਤ ਵਿਭਾਗ ਵੱਲੋਂ ਨਤੀਜਾ ਘੋਸਿਤ ਕਰ ਦਿੱਤਾ ਗਿਆ ਹੈ। ਇਸ ਉਪਰੰਤ ਇਸ ਦਫਤਰ ਵੱਲੋਂ ਮਿਤੀ 8.8.2019 ਨੂੰ ਦਿੱਤੇ ਪਬਲਿਕ ਨੋਟਿਸ ਦੁਆਰਾ ਮਿਤੀ 13.8.2019 ਤੋਂ 23.8.2019 ਅਤੇ ਮਿਤੀ 18.9.2019 ਨੂੰ ਦਿੱਤੇ ਪਬਲਿਕ ਨੋਟਿਸ ਦੁਆਰਾ 19.9.2019 ਤੋਂ 20.09.2019 ਤੱਕ ਉਮੀਦਵਾਰਾ ਦੀ ਸਕਰੂਟਨੀ ਉਨ੍ਹਾਂ ਨੂੰ ਬੁਲਾਇਆ ਗਿਆ ਸੀ। ਇਨ੍ਹਾ ਪਬਲਿਕ ਨੋਟਿਸ ਦੀ ਲਗਾਤਾਰਾ ਵਿੱਚ ਅਨੁਸੂਚਿਤ ਜਾਤੀ ਤੇ ਬਾਲਮੀਕੀ/ਮਜਬੀਆਂ, ਅਨੂਸੂਚਿਤ ਜਾਤੀ ਦੇ ਸਾਬਕਾ ਫੌਜੀ, ਅਨੁਸੂਚਿਤ ਜਾਤੀ ਦੇ ਖਿਡਾਰੀਆਂ ਦੀਆਂ ਖਾਲੀ ਰਹਿ ਗਈਆਂ ਅਸਾਮੀਆਂ ਪਹਿਲ ਤੇ ਅਧਾਰ ਤੇ ਭਰਨ ਲਈ ਵਿਮੁਕਤ ਜਾਤੀ/ਬਾਜੀਗਰ ਨਾਲ ਸਬੰਧਤ ਜਿਹੜੇ ਉਮੀਦਵਾਰਾ ਨੇ ਇਨ੍ਹਾਂ ਅਸਾਮੀਆਂ ਲਈ ਅਪਲਾਈ ਕਰਨ ਉਪਰੰਤ ਵਿਭਾਗੀ ਟੈਸਟ ਵਿਚ ਭਾਗ ਲਿਆ ਸੀ, ਉਨ੍ਹਾਂ ਨੂੰ ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ (ਮਾਈਕਰੋਸਾਫਟ ਬਿਲਡਿੰਗ) ਫੇਸ 3ਬੀ1, ਐਸ.ਏ.ਐਸ. ਨਗਰ ਵਿਖੇ ਮਿਤੀ 11.10.2019 ਨੂੰ ਸਵੇਰੇ 10.00 ਵਜੇ ਤੋਂ 3.00 ਵਜੇ ਤੱਕ ਹਾਲ ਦੀ ਘੜੀ ਅਸਲ ਦਸਤਾਵੇਜਾ ਦੀ ਸਕਰੂਟਨੀ ਲਈ ਸੱਦਾ ਦਿੱਤਾ ਜਾਂਦਾ ਹੈ। ਉਮੀਦਵਾਰ ਦਸਤਾਵੇਜਾਂ ਦੀ ਸਕਰੂਟਨੀ ਤੇ ਆਉਂਣ ਸਮੇਂ ਆਪਦੇ ਨਾਲ ਅਸਲ ਯੋਗਤਾ ਅਤੇ ਜਾਤੀ ਨਾਲ ਸਬੰਧਤ ਸਰਟੀਫਿਕੇਟ, ਸਰਟੀਫਿਕੇਟ ਦੀਆਂ ਖੁਦ ਤਸਦੀਕ ਕੀਤੀਆਂ ਫੋਟੋ ਕਾਪੀਆਂ ਦਾ ਇੱਕ ਸੈਟ, ਆਪਣੀ ਪਾਸਪੋਰਟ ਸਾਈਜ ਦੀਆਂ 4 ਫੋਟੋਆਂ, ਜਮ੍ਹਾ ਕਰਵਾਈ ਗਈ ਫੀਸ ਦਾ ਸਬੂਤ, ਆਨਲਾਈਨ ਅਪਲਾਈ ਕਰਨ ਦਾ ਫਾਰਮ, ਵਿਭਾਗ ਦੀ ਵੈਬਸਾਈਟ ਤੋਂ ਡਾਉਨਲੋਡ ਕੀਤਾ ਪੜਤਾਲ ਫਾਰਮ ਫਾਈਲ ਕਵਰ ਵਿੱਚ ਟੈਗ ਕਰਕੇ ਦਸਤਾਵੇਜਾਂ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ।

9/X/19

ਡਿਪਟੀ ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ।